1

# ਖ਼ੁਦਾ ਦਾ ਰਾਜ

*''ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ'' (ਕੁਲੁੱਸੀਆਂ 1:13)।*

ਕਿਸੇ ਨੇ ਕਿਹਾ ਹੈ, ''ਸਮੁੰਦਰ ਐਨਾ ਡੂੰਘਾ ਹੈ ਕਿ ਉਸ ਵਿਚ ਹਾਥੀ ਵੀ ਤੈਰ ਸਕਦਾ ਹੈ ਪਰ ਐਨਾ ਸ਼ਾਂਤ ਵੀ ਹੈ ਕਿ ਕੋਈ ਬੱਚਾ ਵੀ ਉਸਦੇ ਨੇੜੇ ਖੇਡ ਸਕਦਾ ਹੈ।'' ਸਮੁੰਦਰ ਵਿਚ ਬੜੀਆਂ ਖ਼ੂਬੀਆਂ ਹਨ, ਇਸਦੇ ਕਿਨਾਰੇ ਵੀ ਹਨ ਅਤੇ ਬੇਕਾਬੂ ਛੱਲਾਂ ਵੀ, ਫਿਰ ਇਹ ਬਹੁਤ ਵਿਸ਼ਾਲ, ਗਹਿਰਾ,ਦੂਰ ਤਕ ਫੈਲਿਆ ਹੋਇਆ ਅਤੇ ਅਜਬ ਤਰੀਕੇ ਨਾਲ ਲੰਮਾ ਅਤੇ ਚੌੜਾ ਹੈ।

ਇਸੇ ਹੀ ਤਰ੍ਹਾਂ ਨਵੇਂ ਨੇਮ ਦੀ ਕਲੀਸੀਆ ਦੀਆਂ ਵੀ ਬਹੁਤ ਸਾਰੀਆਂ ਖ਼ੂਬੀਆਂ ਹਨ। ਇਸ ਦੀ ਏਕਤਾ ਅਤੇ ਮਸੀਹ ਨਾਲ ਆਪਣੀ ਏਕਤਾ ਤੇ ਵਿਚਾਰ ਕਰਨ ਤੇ ਕਲੀਸੀਆ ਸਾਨੂੰ ਮਸੀਹ ਦੀ ਦੇਹ ਦੇ ਰੂਪ ਵਿਚ ਮਿਲਦੀ ਹੈ (ਰੋਮੀਆਂ 12:5)। ਨਿੱਘ, ਹਮਾਇਤ ਅਤੇ ਸੰਗਤੀ ਤੇ ਵਿਚਾਰ ਕਰਨ ਤੇ ਇਹ ਸਾਨੂੰ ਖ਼ੁਦਾ ਦੇ ਪਰਿਵਾਰ ਦੇ ਰੂਪ ਵਿਚ ਮਿਲਦੀ ਹੈ (ਅਫ਼ਸੀਆਂ 2:19)। ਜਦ ਅਸੀਂ ਖ਼ੁਦਾ ਦੀ ਹਕੂਮਤ ਅਤੇ ਰਾਜ ਦੇ ਰੂਪ ਵਿਚ ਇਸ 'ਤੇ ਵਿਚਾਰ ਕਰਦੇ ਹਾਂ ਤਾਂ ਇਹ ਸਾਨੂੰ ਧਰਤੀ 'ਤੇ ਖ਼ੁਦਾ ਦੇ ਰਾਜ ਦੇ ਰੂਪ ਵਿਚ ਮਿਲਦੀ ਹੈ (ਮੱਤੀ 16:16-18)।

ਇਹ ਵੱਖੋ-ਵੱਖ ਵੇਰਵੇ ਆਪੋ ਵਿਚ ਉਲਝਦੇ ਨਹੀਂ ਹਨ ਬਲਕਿ ਉਸ ਖ਼ੁਦਾਈ ਸੰਗਠਨ ਦੇ ਸਾਂਝੇ ਸੁਭਾਅ ਨੂੰ ਵਿਖਾਉਣ ਲਈ ਜਿਸਨੂੰ ਅਸੀਂ (ਅਨੁਵਾਦ ਕਰਕੇ) ਕਲੀਸੀਆ ਆਖਦੇ ਹਾਂ ਇਕ ਦੂਜੇ ਨਾਲ ਮਿਲ ਜਾਂਦੇ ਹਨ। ਨਵੇਂ ਨੇਮ ਦੀ ਕਲੀਸੀਆ ਦੀ ਵਡਿਆਈ ਸਲੀਬ ਦੇ ਰਾਹੀਂ ਦਿੱਤੇ ਗਏ ਇਸ ਵਿਚ ਪਾਏ ਜਾਣ ਵਾਲੇ ਪਵਿੱਤਰ ਕੰਮਾਂ ਦੀ ਬਹੁਤਾਇਤ ਵਿਚ ਹੈ।

ਬੇਸ਼ੱਕ ਪਵਿੱਤਰ ਆਤਮਾ ਚਾਹੁੰਦਾ ਹੈ ਕਿ ਅਸੀਂ ਕਲੀਸੀਆ ਨੂੰ ਰਾਜ ਦੇ ਰੂਪ ਵਿਚ ਵੇਖੀਏ। ਪੌਲੁਸ ਨੇ ਮਸੀਹ ਵਿਚ ਮਨਬਦਲੀ ਨੂੰ ਹਨੇਰੇ ਦੇ ਰਾਜ ਵਿੱਚੋਂ ਮਸੀਹ ਦੇ ਰਾਜ ਵਿਚ ਜਾਣਾ ਕਿਹਾ ਹੈ: ''ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ।'' (ਕੁਲੁੱਸੀਆਂ 1:13)। ਮਨਬਦਲੀ ਨੂੰ ਨਵੇਂ ਨੇਮ ਵਿਚ ਕਿਸੇ ਹੋਰ ਥਾਂ ਮਸੀਹ ਦੀ ਦੇਹ ਵਿਚ ਆਉਣਾ (ਉਦਾਹਰਣ ਲਈ ਰੋਮੀਆਂ 6:3; ਗਲਾਤੀਆਂ 3:27) ਅਤੇ ਮਸੀਹ ਦੀ ਦੇਹ ਨੂੰ ਕਲੀਸੀਆ ਕਿਹਾ ਗਿਆ ਹੈ (ਅਫ਼ਸੀਆਂ 1:21-23)। ਇਹਦਾ ਮਤਲਬ ਇਹ ਹੈ ਕਿ ਪਵਿੱਤਰ ਆਤਮਾ ਚਾਹੁੰਦਾ ਹੈ ਕਿ ਅਸੀਂ ਕਲੀਸੀਆ ਭਾਵ ਮਸੀਹ ਦੀ ਦੇਹ ਅਤੇ ਮਸੀਹ ਦੇ ਰਾਜ ( ਜਾਂ ਖ਼ੁਦਾ ਦੇ ਰਾਜ) ਨੂੰ ਇੱਕੋ ਰੂਹਾਨੀ ਸੰਗਠਨ ਦੇ ਰੂਪ ਵਿਚ ਵੇਖੀਏ।

ਬਾਈਬਲ ਵਿਚ **''ਰਾਜ''** ਸ਼ਬਦ ਦੀ ਵਰਤੋਂ ਘੱਟੋ-ਘੱਟ ਛੇ ਸੰਦਰਭਾਂ ਵਿਚ ਹੋਈ ਹੈ। (1) ਇਸ ਦੀ ਵਰਤੋਂ ਧਰਤੀ ਦੇ, ਸੰਸਾਰੀ ਅਤੇ ਸਰਕਾਰੀ ਇੰਤਜ਼ਾਮ ਲਈ ਕੀਤੀ ਜਾਂਦੀ ਹੈ (ਮੱਤੀ 4:8)। (2) ਪੁਰਾਣੇ ਅਤੇ ਨਵੇਂ ਨੇਮ ਵਿਚ ''ਖ਼ੁਦਾ ਦੇ ਰਾਜ'' ਦੀ ਧਾਰਣਾ ਨੂੰ ਅੱਗੇ ਪਹੁੰਚਾਉਣ ਲਈ ਇਸ ਦੀ ਵਰਤੋਂ ਕੀਤੀ ਗਈ ਹੈ। ਇਸਰਾਏਲ ਨੂੰ ਇਕ ਕੌਮ ਬਣਾਉਂਦਿਆਂ ਖ਼ੁਦਾ ਨੇ ਇਸ ਨੂੰ ਆਪਣੇ ਰਾਜ ਦੇ ਰੂਪ ਵਿਚ ਪਛਾਣ ਦਿੱਤੀ (ਕੂਚ 19:5, 6)। (3) ਇਸਦੀ ਵਰਤੋਂ ਖ਼ੁਦਾ ਦੀ ਹਕੂਮਤ ਜਾਂ

ਸ਼ਕਤੀ ਦੇ ਸਬੰਧ ਵਿਚ ਕੀਤੀ ਗਈ ਹੈ (ਮੱਤੀ 12:28)। ਜਿੱਥੇ ਵੀ ਖ਼ੁਦਾ ਦੀ ਮਰਜ਼ੀ ਪੂਰੀ ਕੀਤੀ ਜਾਂਦੀ ਹੈ, ਉੱਥੇ ਖ਼ੁਦਾ ਦੀ ਹਕੂਮਤ ਜਾਂ ਰਾਜ ਵਜੂਦ ਵਿਚ ਹੁੰਦਾ ਹੈ। (4) ਇਸਦੀ ਵਰਤੋਂ ਸੁਰਗ ਵਿਚ ਖ਼ੁਦਾ ਦੇ ਤਖ਼ਤ ਲਈ ਕੀਤੀ ਜਾਂਦੀ ਹੈ। ਪਤਰਸ ਨੇ ਸਾਨੂੰ ਮਸੀਹੀ ਗੁਣਾਂ ਵਿਚ ਵਧਣ ਦੀ ਬੇਨਤੀ ਕਰਦਿਆਂ ਸੁਰਗ ਨੂੰ ਸਾਡੇ ਪ੍ਰਭੂ ਦੇ ਅਬਦੀ ਰਾਜ ਦੇ ਰੂਪ ਵਿਚ ਦੱਸਿਆ, ''ਕਿਉਂ ਜੋ ਇਸੇ ਪ੍ਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਸਦੀਪਕ ਰਾਜ ਵਿਚ ਵੱਡੀ ਖੁੱਲ੍ਹ ਨਾਲ ਪ੍ਰਵੇਸ਼ ਕਰਨਾ ਮਿਲੇਗਾ'' (2 ਪਤਰਸ 1:11)। (5) ਇਸਨੂੰ ਕਲੀਸੀਆ ਲਈ ਵਰਤਿਆ ਜਾਂਦਾ ਹੈ। ਕਲੀਸੀਆ ਧਰਤੀ 'ਤੇ ਖ਼ੁਦਾ ਦੇ ਰਾਜ ਦਾ ਇਜ਼ਹਾਰ ਹੈ। ਇਸ ਲਈ ਇਸਨੂੰ ਸੁਰਗ ਦਾ ਰਾਜ (ਮੱਤੀ 16:18-19), ਖ਼ੁਦਾ ਦਾ ਰਾਜ (ਯਹੂੰਨਾ 3:5) ਅਤੇ ਉਸਦੇ ਪਿਆਰੇ ਪੁੱਤਰ ਦਾ ਰਾਜ (ਕੁਲੁੱਸੀਆਂ 1:13) ਕਿਹਾ ਜਾਂਦਾ ਹੈ। (6) ਇਸ ਸ਼ਬਦ ਦੀ ਵਰਤੋਂ ਸ਼ੈਤਾਨ ਨੂੰ ਕਾਬੂ ਰੱਖਣ ਲਈ ਵੀ ਕੀਤੀ ਜਾਂਦੀ ਹੈ। ਉਸਦੀ ਸ਼ਕਤੀ ''ਸ਼ੈਤਾਨ ਦੇ ਰਾਜ'' (ਮੱਤੀ 12:26) ਵਾਕ ਅੰਸ਼ ਨਾਲ ਪਤਾ ਲਗਦੀ ਹੈ।

ਕਲੀਸੀਆ ਨੂੰ ਖ਼ੁਦਾ ਦੇ ਰਾਜ ਦੇ ਰੂਪ ਵਿਚ ਵਿਖਾਉਣਾ ਹੌਸਲਾ ਵਧਾਊ ਅਤੇ ਹਲਚਲ ਮਚਾਉਣ ਵਾਲਾ ਹੈ। ਆਓ ਹੁਣ ਖ਼ਾਸ ਤੌਰ ਤੇ ਧਰਤੀ ਤੇ ਪ੍ਰਭੂ ਦੇ ਰਾਜ ਭਾਵ ਕਲੀਸੀਆ ਦੀਆਂ ਖ਼ੂਬੀਆਂ ਤੇ ਧਿਆਨ ਲਾਉਂਦੇ ਹਾਂ।

## ਰੂਹਾਨੀ ਰਾਜ

ਆਪਣੇ ਬੁਨਿਆਦੀ ਸੁਭਾਅ ਵਿਚ, ਕਲੀਸੀਆ ਭੌਤਿਕ ਜਾਂ ਦੁਨਿਆਵੀ ਨਹੀਂ ਬਲਕਿ ਰੂਹਾਨੀ ਰਾਜ ਹੈ। ਪਿਲਾਤੁਸ ਵੱਲੋਂ ਯਿਸੂ ਤੋਂ ਇਹ ਪੁੱਛੇ ਜਾਣ 'ਤੇ ਕਿ ''ਕੀ ਤੂੰ ਯਹੂਦੀਆਂ ਦਾ ਰਾਜਾ ਹੈ?'' (ਯੂਹੰਨਾ 18:33), ਯਿਸੂ ਨੇ ਜਵਾਬ ਦਿੱਤਾ ਸੀ, ''ਮੇਰੀ ਬਾਦਸ਼ਾਹੀ ਇਸ ਜਗਤ ਤੋਂ ਨਹੀਂ। ਜੇ ਮੇਰੀ ਬਾਦਸ਼ਾਹੀ ਇਸ ਜਗਤ ਤੋਂ ਹੁੰਦੀ ਤਾਂ ਮੇਰੇ ਨੌਕਰ ਲੜਦੇ ਜੋ ਮੈਂ ਯਹੂਦੀਆਂ ਦੇ ਹਵਾਲੇ ਨਾ ਕੀਤਾ ਜਾਂਦਾ ਪਰ ਹੁਣ ਮੇਰੀ ਬਾਦਸ਼ਾਹੀ ਤਾਂ ਐਥੋਂ ਦੀ ਨਹੀ'' (ਯੂਹੰਨਾ 18:36)।

ਰਾਜ ਦੇ ਉਸ ਰੂਹਾਨੀ ਸੁਭਾਅ ਨਾਲ ਕਲੀਸੀਆ ਨਾਲ ਜੁੜੀਆਂ ਸਚਿਆਈਆਂ ਦਾ ਪਤਾ ਲਗਦਾ ਹੈ। ਪਹਿਲੀ ਗੱਲ, ਕਲੀਸੀਆ ਦਾ ਮੁੱਖ ਦਫ਼ਤਰ ਧਰਤੀ 'ਤੇ ਨਹੀਂ ਸਗੋਂ ਸੁਰਗ ਵਿਚ ਹੈ। ਸਾਡਾ ਬਾਦਸ਼ਾਹ ਯਿਸੂ ਮਸੀਹ ਸੁਰਗ ਵਿਚ ਖ਼ੁਦਾ ਦੇ ਸੱਜੇ ਹੱਥ ਬੈਠਾ ਹੈ ( ਰਸੂਲਾਂ ਦੇ ਕੰਮ 2:33)। ਉਹ ਧਰਤੀ ਤੇ ਖ਼ੁਦਾ ਦੇ ਰਾਜ ਭਾਵ ਕਲੀਸੀਆ 'ਤੇ ਰਾਜੇ ਦੇ ਤੌਰ ਤੇ ਸਮੇਂ ਦੇ ਅੰਤ ਤਕ ਰਾਜ ਕਰੇਗਾ, ਜਦ ਉਹ ਰਾਜ ਨੂੰ ਪਿਤਾ ਦੇ ਹੱਥ ਵਿਚ ਦੇ ਦੇਵੇਗਾ (1 ਕੁਰਿੰਥੀਆਂ 15:24)। ਇਸ ਕਰਕੇ ਮਸੀਹੀ ਲੋਕ ਉਹ ਹਨ ਜੋ ਯਿਸੂ ਨੂੰ ਪ੍ਰਭੂ ਮੰਨ ਕੇ ਖ਼ੁਦਾ ਦੇ ਰਾਜ ਵਿਚ ਦਾਖਲ ਹੋ ਗਏ ਹਨ (ਫ਼ਿਲਿੱਪੀਆਂ 2:9-11)।

ਦੂਜੀ ਗੱਲ, ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ, ਕੰਮ ਅਤੇ ਬੰਦਗੀ ਦਾ ਅਧਾਰ ਦੁਨਿਆਵੀ ਨਹੀਂ ਬਲਕਿ ਰੂਹਾਨੀ ਹੈ। ਅਸੀਂ ਰੂਹਾਨੀ ਲੜਾਈ ਲੜ ਰਹੇ ਹਾਂ (ਅਫ਼ਸੀਆਂ 6:12), ਖ਼ੁਦਾ ਨੂੰ ਰੂਹਾਨੀ ਕੁਰਬਾਨੀਆਂ ਚੜ੍ਹਾਉਂਦੇ ਹਾਂ ( 1 ਪਤਰਸ 2:5), ਰੂਹਾਨੀ ਖ਼ੁਰਾਕ ਖਾਂਦੇ (ਇਬਰਾਨੀਆਂ 5:12-14) ਅਤੇ ਇਸ ਸੰਸਾਰ ਵਿਚ ਪਰਦੇਸੀਆਂ ਵਾਂਗ ਰਹਿੰਦੇ ਹਾਂ, ਜਿਨ੍ਹਾਂ ਦਾ ਘਰ ਸੁਰਗ ਵਿਚ ਹੈ (ਫ਼ਿਲਿੱਪੀਆਂ 3:20; 1 ਪਤਰਸ 2:11)।

ਤੀਜੀ ਗੱਲ, ਉਸ ਦੇ ਰੂਹਾਨੀ ਰਾਜ ਦੇ ਲੋਕ ਹੋਣ ਕਰਕੇ, ਇਸ ਦੁਨੀਆਂ ਦੀਆਂ ਭੌਤਿਕ ਹਕੀਕਤਾਂ ਨਾਲ ਸਾਡਾ ਸਬੰਧ ਸੁਰਗ ਦੇ ਰਾਜ ਦੀ ਰੂਹਾਨੀ ਨਾਗਰਿਕਤਾ ਨਾਲ ਚਲਾਇਆ ਜਾਂਦਾ ਹੈ। ਅਨੰਤਕਾਲ ਦੀ ਦੂਰਬੀਨ ਨਾਲ ਵੇਖਣ ਤੇ ਸਾਨੂੰ ਇਸ ਜ਼ਿੰਦਗੀ ਦੀ ਨਕਲੀ ਚਮਕ ਬੇਕਾਰ ਲਗਦੀ ਹੈ।

ਕਿਸੇ ਨੇ ਮਸੀਹੀ ਆਦਮੀ ਅਤੇ ਸ਼ੈਤਾਨ ਵਿਚਕਾਰ ਹੋਣ ਵਾਲੀ ਗੱਲਬਾਤ ਦੀ ਕਲਪਨਾ ਇਵੇਂ ਕੀਤੀ ਹੈ। ਸ਼ੈਤਾਨ ਆਖਦਾ ਹੈ, ''ਮਸੀਹੀ ਬੰਦਿਆ, ਮੈਂ ਤੈਨੂੰ ਸਭ ਕੁਝ ਦਿਆਂਗਾ। ਮੈਂ ਤੈਨੂੰ ਮਕਾਨ,

ਜ਼ਮੀਨ ਅਤੇ ਪੈਸਾ ਵੀ ਦਿਆਂਗਾ।'' ਮਸੀਹੀ ਆਦਮੀ ਜਵਾਬ ਦਿੰਦਾ ਹੈ, ''ਮੇਰੇ ਕੋਲ ਸਭ ਕੁਝ ਹੈ।'' ਸ਼ੈਤਾਨ ਫੇਰ ਕੋਸ਼ਿਸ਼ ਕਰਦਾ ਹੈ, ''ਮੈਂ ਤੈਥੋਂ ਸਭ ਕੁਝ ਖੋਹ ਲਵਾਂਗਾ। ਮੈਂ ਤੇਰਾ ਮਕਾਨ, ਤੇਰੀ ਖ਼ੁਸ਼ੀ ਅਤੇ ਤੇਰਾ ਧਨ ਤੈਥੋਂ ਖੋਹ ਲਵਾਂਗਾ।'' ਮਸੀਹੀ ਜਵਾਬ ਦਿੰਦਾ ਹੈ, ''ਤੂੰ ਮੈਥੋਂ ਕੁਝ ਨਹੀਂ ਖੋਹ ਸਕਦਾ। ਮੇਰੇ ਕੋਲ ਤਾਂ ਕੁਝ ਹੈ ਹੀ ਨਹੀਂ, ਮੇਰਾ ਜੋ ਕੁਝ ਵੀ ਹੈ ਉਹ ਸਭ ਖ਼ੁਦਾ ਨੂੰ ਦੇ ਚੁਕਾ ਹਾਂ। ਮੈਂ ਉਸਦੇ ਰੂਹਾਨੀ ਰਾਜ ਦਾ ਵਸਨੀਕ ਹਾਂ, ਇਸ ਕਰਕੇ ਮੇਰਾ ਅਸਲੀ ਧਨ ਤਾਂ ਰੂਹਾਨੀ ਹੈ।'' ਸ਼ੈਤਾਨ ਇਕ ਵਾਰ ਫੇਰ ਕੋਸ਼ਿਸ਼ ਕਰਦਾ ਹੈ, ''ਮੈਂ ਤੈਨੂੰ ਮਾਰ ਦਿਆਂਗਾ। ਮੈਂ ਤੇਰੀ ਜਾਨ ਕੱਢ ਲਵਾਂਗਾ।'' ਮਸੀਹੀ ਆਖਦਾ ਹੈ, ''ਮੇਰੇ ਲਈ ਜੀਣਾ ਮਸੀਹ ਹੈ ਅਤੇ ਮਰਨਾ ਲਾਭ।'' ਸ਼ੈਤਾਨ ਆਖ਼ਰੀ ਕੋਸ਼ਿਸ਼ ਕਰਦਾ ਹੈ, ''ਮੈਂ ਤੈਨੂੰ ਦੁਖੀ ਕਰ ਦਿਆਂਗਾ। ਤੂੰ ਨਿਰਾਸ਼ ਰਹਿ ਕੇ ਜ਼ਿੰਦਗੀ ਕੱਟੇਂਗਾ।'' ਮਸੀਹੀ ਆਦਮੀ ਐਲਾਨ ਕਰਦਾ ਹੈ, ''ਮੇਰੀ ਸਭ ਤੋਂ ਵੱਡੀ ਖ਼ੁਸ਼ੀ ਯਿਸੂ ਦੀ ਮਰਜ਼ੀ ਨੂੰ ਪੂਰਾ ਕਰਨਾ ਹੈ।'' ਖ਼ੁਦਾ ਦੇ ਰੂਹਾਨੀ ਰਾਜ ਦੇ ਲੋਕ ਹੋਣ ਨਾਲ ਸਾਡੇ 'ਤੇ ਇਸ ਸੰਸਾਰ ਅਤੇ ਇਸਦੀਆਂ ਖ਼ਾਹਿਸ਼ਾਂ ਤੇ ਵੱਖਰੇ ਤਰੀਕੇ ਨਾਲ ਰੋਸ਼ਨੀ ਪਾਈ ਗਈ ਹੈ। ਇਸ ਨਾਲ ਸਾਨੂੰ ਯੂਹੰਨਾ ਨੂੰ ਇਹ ਕਹਿਣ ਵਿਚ ਮਦਦ ਮਿਲਦੀ ਹੈ, ''ਅਤੇ ਸੰਸਾਰ ਨਾਲੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ'' (1 ਯਹੂੰਨਾ 2:17)।

ਸੁਰਗ ਦੇ ਲੋਕ ਇਸ ਦੁਨੀਆਂ ਨੂੰ ਸੰਸਾਰ ਦੇ ਲੋਕਾਂ ਵਾਂਗ ਨਹੀਂ ਵੇਖਦੇ। ਇਸ ਸੰਸਾਰ ਦੇ ਲੋਕਾਂ ਨੂੰ ਆਪਣੀਆਂ ਜਾਇਦਾਦਾਂ, ਆਪਣੇ ਵਰਤਮਾਨ ਅਤੇ ਭਵਿੱਖ, ਅਤੇ ਦੁਨਿਆਵੀ ਮਾਮਲਿਆਂ ਦੀ ਫ਼ਿਕਰ ਹੁੰਦੀ ਹੈ। ਮਸੀਹੀ ਲੋਕ *ਸੰਸਾਰ ਵਿਚ* ਤਾਂ ਹਨ, ਪਰ ਅਸੀਂ *ਸੰਸਾਰ ਦੇ ਨਹੀਂ ਹਾਂ*। ਅਸੀਂ ਇਸ ਦੁਨੀਆਂ ਦੇ ਰਾਜ ਦੇ ਨਹੀਂ ਬਲਕਿ ਰੂਹਾਨੀ ਰਾਜ ਦੇ ਹਾਂ। ਸਾਡਾ ਸਮਰਪਣ ਦੁਨਿਆਵੀ ਨਹੀਂ ਬਲਕਿ ਰੂਹਾਨੀ ਹੈ। ਬੀਮਾਰਾਂ ਦੀ ਸੇਵਾ ਕਰਕੇ, ਭੁੱਖਿਆਂ ਨੂੰ ਖਾਣਾ ਖੁਆ ਕੇ ਅਤੇ ਦੁਨੀਆ ਨੂੰ ਰਹਿਣ ਲਈ ਬੇਹਤਰ ਥਾਂ ਬਣਾ ਕੇ ਅਸੀਂ ਵਿਖਾ ਦਿੰਦੇ ਹਾਂ ਕਿ ਸਾਡੀ ਅਸਲ ਦਿਲਚਸਪੀ ਹਮੇਸ਼ਾ ਦਾ ਇਨਾਮ ਪਾਉਣ ਵਿਚ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਿਲਦੇ ਹਾਂ ਉਨ੍ਹਾਂ ਨੂੰ ਵੀ ਅਸੀਂ ਹੋਰ ਸਭ ਗੱਲਾਂ ਦੀ ਬਜਾਏ ਰੂਹਾਨੀ ਨਜਾਤ ਦੀ ਗੱਲ ਸਿਖਾਉਂਦੇ ਹਾਂ। ਸਾਡੇ ਟੀਚੇ ਦੁਨਿਆਵੀ ਨਹੀਂ ਬਲਕਿ ਰੂਹਾਨੀ ਹਨ। ਇਸ ਦੁਨੀਆਂ ਦੇ ਲੋਕ ਨਵੇਂ ਸੂਟ ਵੇਚਦੇ ਹਨ, ਜਦਕਿ ਮਸੀਹੀ ਲੋਕ ਨਵੀਆਂ ਰੂਹਾਂ ਦੀ ਭਾਲ ਵਿਚ ਹਨ।

## ਧਾਰਮਿਕਤਾ ਦਾ ਰਾਜ

ਦੂਜਾ, ਕਲੀਸੀਆ ਧਾਰਮਿਕਤਾ ਦਾ ਰਾਜ ਹੈ। ਸੁਰਗ ਦੇ ਰਾਜ ਦੇ ਲੋਕ ਪਹਿਲਾਂ ਵਰਗਾ ਭਾਵ ਇਸ ਰਾਜ ਵਿਚ ਆਉਣ ਹੋਣ ਤੋਂ ਪਹਿਲਾਂ ਵਰਗਾ ਜੀਵਨ ਨਹੀਂ ਗੁਜ਼ਾਰਦੇ। ਪੌਲੁਸ ਨੇ ਕਿਹਾ ਸੀ ਕਿ ਰਾਜ ਦੇ ਲੋਕ ਚਾਨਣ ਦੀ ਸੰਤਾਨ ਹਨ: ''ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਙੁ ਚੱਲੋ। ਚਾਨਣ ਦਾ ਫਲ ਹਰ ਭਾਂਤ ਦੀ ਭਲਿਆਈ ਅਤੇ ਧਰਮ ਅਤੇ ਸਚਿਆਈ ਵਿਚ ਹੈ। ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ'' (ਅਫ਼ਸੀਆਂ 5:8-10)। ਉਸਨੇ ਅੱਗੇ ਕਿਹਾ, ''ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿਚ ਸ਼ਾਂਤੀ ਅਤੇ ਅਨੰਦ ਹੈ'' (ਰੋਮੀਆਂ 14:17)।

ਨਵਾਂ ਨੇਮ ਦੋ ਤਰ੍ਹਾਂ ਦੀਆਂ ਧਾਰਮਿਕਤਾਵਾਂ ਬਾਰੇ ਦੱਸਦਾ ਹੈ। ਇਕ *ਦਿੱਤੀ ਗਈ ਧਾਰਮਿਕਤਾ* ਹੈ, ਜਿਸਦੀ ਗੱਲ ਖ਼ੁਦਾ ਦੀ ਪ੍ਰੇਰਣਾ ਪਾਏ ਲੇਖਕ ਅਕਸਰ ਕਰਦੇ ਸਨ। ਮਸੀਹੀ ਬਣਨ ਤੇ, ਸਾਨੂੰ ਇਹ ਧਾਰਮਿਕਤਾ ਦਿੱਤੀ ਜਾਂਦੀ ਹੈ ਅਤੇ ਅਸੀਂ ਖ਼ੁਦਾ ਦੇ ਸਾਹਮਣੇ ਧਰਮੀ ਠਹਿਰਦੇ ਹਾਂ। ਮਸੀਹ ਵਿਚ ਬਦਲਣ ਤੇ ਅਸੀਂ ''ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ... ਧਰਮੀ ਗਿਣੇ ਜਾਂਦੇ'' ਹਾਂ (ਰੋਮੀਆਂ 3:24)।

ਨਵਾਂ ਨੇਮ *ਪਰਗਟ ਧਾਰਮਿਕਤਾ* ਦੀ ਵੀ ਗੱਲ ਕਰਦਾ ਹੈ। ਮਸੀਹੀ ਲੋਕਾਂ ਨੂੰ ਧਾਰਮਿਕਤਾ ਵਿਚ ਚੱਲਣਾ ਜ਼ਰੂਰੀ ਹੈ। ਯੂਹੰਨਾ ਨੇ ਲਿਖਿਆ, ''... ਜਿਹੜਾ ਧਰਮ ਕਰਦਾ ਹੈ ਸੋ ਧਰਮੀ ਹੈ ਜਿਵੇਂ ਉਹ ਧਰਮੀ ਹੈ'' (1 ਯੂਹੰਨਾ 3:7)। ਮਸੀਹੀ ਲੋਕਾਂ ਲਈ ਪਾਪ ''ਵਿਚ ਰਹਿਣਾ'' ਜਾਂ ''ਚੱਲਣਾ'' ਐਨਾ ਸੋਚ ਤੋਂ ਪਰ੍ਹੇ ਹੈ ਕਿ ਯੂਹੰਨਾ ਨੇ ਕਿਹਾ, ''ਜਿਹੜਾ ਪਾਪ ਕਰਦਾ ਹੈ ਉਹ ਸ਼ੈਤਾਨ ਤੋਂ ਹੈ ... ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ...'' (1 ਯੂਹੰਨਾ 3:8, 9)। ਇਸ ਕਰਕੇ ਖ਼ੁਦਾ ਦਾ ਰਾਜ, ਧਾਰਮਿਕਤਾ ਦਾ ਰਾਜ ਹੈ ਅਤੇ ਧਾਰਮਿਕਤਾ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ ਜੋ ਉਸ ਵਿਚ ਵੜਦੇ ਹਨ ਅਤੇ ਉਨ੍ਹਾਂ ਲੋਕਾਂ ਵੱਲੋਂ ਵਿਖਾਈ ਜਾਂਦੀ ਹੈ ਜੋ ਸਚਮੁਚ ਉਸਦੇ ਨਾਗਰਿਕ ਹਨ।

ਖ਼ੁਦਾ ਦੀ ਹਕੂਮਤ ਅਤੇ ਰਾਜ ਦਾ ਕਿਸੇ ਦੀ ਜ਼ਿੰਦਗੀ ਵਿਚ ਪਾਈ ਜਾਣ ਵਾਲੀ ਧਾਰਮਿਕਤਾ ਨਾਲ ਹੀ ਪਤਾ ਲਗਦਾ ਹੈ। ਇਸ ਸੰਦਰਭ ਵਿਚ ਇਕ ਆਦਮੀ ਦੀ ਕਹਾਣੀ ਦੱਸੀ ਜਾਂਦੀ ਹੈ ਜੋ 1930 ਦੇ ਦਹਾਕੇ ਦੀ ਮੰਦੀ ਦੇ ਦੌਰ ਵਿਚ ਅਮਰੀਕਾ ਵਿਚ ਰਹਿੰਦਾ ਸੀ। ਉਹ ਮਸੀਹ ਦੀ ਇਕ ਅਜਿਹੀ ਕਲੀਸੀਆ ਦਾ ਮੈਂਬਰ ਸੀ ਜਿਸ 'ਤੇ ਮੰਦੀ ਦਾ ਕੋਈ ਅਸਰ ਨਹੀਂ ਸੀ। ਹੋਰ ਲੋਕ ਤਾਂ ਗਰੀਬੀ ਵਿਚ ਦੁੱਖ ਭੋਗ ਰਹੇ ਸਨ, ਪਰ ਉਹ ਬੜੇ ਅਰਾਮ ਨਾਲ ਰਹਿ ਰਿਹਾ ਸੀ। ਪਰ ਐਤਵਾਰ ਦੀ ਸਵੇਰ ਚੰਦੇ ਵਾਲੀ ਥਾਲੀ ਉਹਦੇ ਵੱਲ ਲਿਆਂਦੀ ਗਈ ਤਾਂ ਉਸਨੇ ਉਸ ਵਿਚ ਇੱਕੋ ਸਿੱਕਾ ਪਾਇਆ। ਉਸ ਦਿਨ, ਕਲੀਸੀਆ ਨੂੰ ਦੁਨੀਆਂ ਵਿਚ ਮਸੀਹ ਦਾ ਕੰਮ ਕਰਨ ਲਈ ਉਹਦੀ ਮਾਲੀ ਮਦਦ ਦੀ ਬੜੀ ਲੋੜ ਸੀ, ਪਰ ਉਸ ਨੇ ਜਾਣਦੇ ਹੋਏ ਇੱਕੋ ਸਿੱਕਾ ਦਿੱਤਾ। ਜ਼ਾਹਿਰ ਹੈ ਕਿ ਉਹ ਰਾਜ ਵਿਚ ਤਾਂ ਸੀ ਪਰ ਰਾਜ ਉਸ ਵਿਚ ਨਹੀਂ ਸੀ।

ਅਸੀਂ ਖ਼ੁਦਾ ਦੇ ਰਾਜ ਦੇ ਲੋਕ ਉਦੋਂ ਹੀ ਹੁੰਦੇ ਹਾਂ ਜਦ ਖ਼ੁਦਾ ਸਾਡੇ ਦਿਲਾਂ 'ਤੇ ਰਾਜ ਕਰਦਾ ਹੈ। ਇਸ ਰਾਜ ਦੀ ਨਾਗਰਿਕਤਾ ਦਾ ਅਰਥ ਖ਼ੁਦਾ ਦੀ ਸੰਪੂਰਣ ਪ੍ਰਭੁਤਾ ਨੂੰ ਮੰਨਣਾ ਅਤੇ ਰੋਜ਼ਾਨਾ ਜ਼ਿੰਦਗੀ ਵਿਚ ਉਸਦੀ ਮਰਜ਼ੀ ਅੱਗੇ ਆਪਣੇ ਆਪ ਨੂੰ ਦੇਣਾ ਹੈ।

## ਇਕ ਅਬਦੀ ਰਾਜ

ਤੀਜਾ, ਕਲੀਸੀਆ ਧਰਤੀ 'ਤੇ ਖ਼ੁਦਾ ਦਾ ਅਬਦੀ ਰਾਜ ਹੈ। ਉਹ ਹਿੱਲ ਜਾਣ ਵਾਲਾ ਜਾਂ ਆਰਜ਼ੀ ਨਹੀਂ, ਬਲਕਿ ਮਜ਼ਬੂਤ, ਅਡੋਲ ਅਤੇ ਹਮੇਸ਼ਾ ਤਕ ਕਾਇਮ ਰਹਿਣ ਵਾਲਾ ਹੈ।

ਦਾਨੀਏਲ ਨੇ ਭਵਿੱਖਬਾਣੀ ਕੀਤੀ ਸੀ ਕਿ ਸੁਰਗ ਦਾ ਪਰਮੇਸ਼ੁਰ ਇਕ ਰਾਜ ਖੜਾ ਕਰੇਗਾ ਜੋ ਕਦੇ ਨਾਸ ਨਹੀਂ ਹੋਵੇਗਾ (ਦਾਨੀਏਲ 2:44)। ਮਰੀਅਮ 'ਤੇ ਇਹ ਜ਼ਾਹਿਰ ਕਰਨ ਵੇਲੇ ਕਿ ਉਹ ਮਸੀਹਾ ਦੀ ਦੁਨਿਆਵੀ ਮਾਂ ਹੋਵੇਗੀ, ਜ਼ਿਬਰਾਈਲ ਨੇ ਉਸ ਰਾਜ ਦੀ ਅਬਦੀ ਖ਼ੂਬੀ ਦੱਸੀ ਸੀ ਜਿਸ ਤੇ ਮਸੀਹ ਨੇ ਹਕੂਮਤ ਕਰਨੀ ਸੀ: ''ਉਹ ਮਹਾਨ ਹੋਵੇਗਾ, ਅਤੇ ਅੱਤ ਮਹਾਨ ਦਾ ਪੁੱਤਰ ਸਦਾਵੇਗਾ, ਅਤੇ ਪ੍ਰਭੂ ਪਰਮੇਸ਼ੁਰ ਉਹਦੇ ਪਿਤਾ ਦਾਊਦ ਦਾ ਤਖ਼ਤ ਉਹਨੂੰ ਦੇਵੇਗਾ। ਉਹ ਜੁੱਗੋ ਜੁੱਗ ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ, ਅਤੇ ਉਹਦੇ ਰਾਜ ਦਾ ਅੰਤ ਨਾ ਹੋਵੇਗਾ'' (ਲੂਕਾ 1:32, 33)। ਕਲੀਸੀਆ ਬਨਾਉਣ ਦੀ ਆਪਣੀ ਇੱਛਾ ਦਾ ਐਲਾਨ ਕਰਦਿਆਂ, ਯਿਸੂ ਨੇ ਵਾਅਦਾ ਕੀਤਾ ਸੀ ਕਿ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ (ਮੱਤੀ 16:18)। ਇਬਰਾਨੀਆਂ 12:28 ਵਿਚ ਖ਼ੁਦਾ ਦੇ ਰਾਜ ਨੂੰ ਇਕ ਅਜਿਹੇ ਰਾਜ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ ਜਿਸਨੂੰ ਹਿਲਾਇਆ ਨਹੀਂ ਜਾ ਸਕਦਾ।

ਸੁਰਗ ਦੇ ਰਾਜ ਦੇ ਸ਼ਹਿਰੀ ਹੋਣ ਤੇ ਮਸੀਹੀ ਲੋਕਾਂ ਨੂੰ ਹਮੇਸ਼ਾ ਦੀ ਜ਼ਿੰਦਗੀ ਮਿਲੀ ਹੈ। ਇਹ ਜ਼ਿੰਦਗੀ *ਹੁਣ* ਇਕ ਅਹਿਸਾਸ ਅਤੇ *ਭਵਿੱਖ ਦੀ ਇਕ ਉਮੀਦ* ਹੈ। ਜਿੰਨਿਆਂ ਨੂੰ ਯਿਸੂ ਮਿਲ ਗਿਆ ਹੈ ਉਨ੍ਹਾਂ ਸਭ ਦੇ ਕੋਲ਼ ਹੁਣ ਹਮੇਸ਼ਾ ਦੀ ਜ਼ਿੰਦਗੀ ਹੈ (1 ਯੂਹੰਨਾ 1:2)। ਨਤੀਜੇ ਵਜੋਂ, ਯੂਹੰਨਾ ਲਿਖਦਾ ਹੈ ਕਿ ''ਹਰ ਕੋਈ ਜਿਹੜਾ ਆਪਣੇ ਭਰਾ ਨਾਲ ਵੈਰ ਰੱਖਦਾ ਹੈ ਸੋ ਖ਼ੂਨੀ ਹੈ ਅਤੇ ਤੁਸੀਂ ਜਾਣਦੇ ਹੋ

ਭਈ ਕਿਸੇ ਖੂਨੀ ਵਿਚ ਸਦੀਪਕ ਜੀਵਨ ਨਹੀਂ *ਟਿਕਦਾ*'' (1 ਯੂਹੰਨਾ 3:15)। ਖ਼ੁਦਾ ਦੇ ਰਾਜ ਦਾ ਅਨਾਦੀ ਸੁਭਾਅ ਆਪਣੇ ਆਪ ਵਿਚ ਜ਼ਿੰਦਗੀ ਦੇ ਗੁਣ ਵਿਖਾਉਂਦਾ ਹੈ ਜਿਸਨੂੰ ਮਸੀਹੀ ਹੋਣ ਦੇ ਨਾਤੇ ਅਸੀਂ ਸਭ ਮਹਿਸੂਸ ਕਰਦੇ ਹਾਂ ਅਤੇ ਅਨੰਤਕਾਲ ਵਿਚ ਪਾਉਣ ਦੀ ਆਸ ਰੱਖਦੇ ਹਾਂ।

ਹਮੇਸ਼ਾ ਦੀ ਜ਼ਿੰਦਗੀ ਵਿਚ ਸਾਡੇ ਵੜਨ ਦੀ ਗੱਲ ਕਿਸੇ ਬੱਚੇ ਦੇ ਆਪਣੀ ਮਾਂ ਦੀ ਕੁੱਖੋਂ ਨਿੱਕਲ ਕੇ ਦੁਨੀਆਂ ਵਿਚ ਆਉਣ ਵਾਂਗ ਹੈ। ਬੱਚਾ ਆਪਣੀ ਮਾਂ ਦੀ ਕੁੱਖ ਵਿਚ ਰਹਿੰਦਾ ਹੈ ਪਰ ਜ਼ਿੰਦਗੀ ਦਾ ਉਹਦਾ ਅਨੁਭਵ ਬੇਸ਼ਕ ਅਰਾਮ, ਲੋੜ ਪੂਰਾ ਹੋਣਾ ਅਤੇ ਸੁਰੱਖਿਆ ਦੇ ਬਾਵਜੂਦ ਸੀਮਤ ਸਮੇਂ ਲਈ ਹੈ। ਜਨਮ ਤੋਂ ਹੀ ਬੱਚੇ ਦੀ ਜ਼ਿੰਦਗੀ ਵਿਚ ਤਜਰਬੇ ਹੁੰਦੇ ਹਨ, ਪਰ ਇਹ ਜ਼ਿੰਦਗੀ ਫ਼ਰਕ ਅਤੇ ਪੂਰਣ ਰੂਪ ਵਿਚ ਹੈ, ਜਿਸ ਵਿਚ ਸੰਗਤੀ, ਵਿਕਾਸ ਅਤੇ ਕੰਮ ਦੀਆਂ ਲਗਭਗ ਅਸੀਮਿਤ ਸੰਭਾਵਨਾਵਾਂ ਹਨ। ਹੁਣ ਮਸੀਹ ਸਾਡਿਆਂ ਮਨਾਂ ਵਿਚ ਰਹਿ ਕੇ ਜ਼ਿੰਦਗੀ ਦਾ ਇਕ ਨਵਾਂ ਅਤੇ ਅਨੋਖਾ ਗੁਣ ਭਾਵ ਹਮੇਸ਼ਾ ਦੀ ਜ਼ਿੰਦਗੀ ਦਿੰਦਾ ਹੈ, ਪਰ ਜਦ ਅਸੀਂ ਜ਼ਿੰਦਗੀ ਦੇ ਦੂਜੇ ਪਾਸੇ ਜਾਂਦੇ ਹਾਂ ਤਾਂ ਇਹੀ ਹਮੇਸ਼ਾ ਦੀ ਜ਼ਿੰਦਗੀ ਆਪਣੇ ਆਪ ਨੂੰ ਇਕ ਵੱਖਰਾ ਅਤੇ ਮੁਕੰਮਲ ਤੌਰ ਤੇ ਸੁਰਗੀ ਸੰਗਤੀ, ਅਕਹਿ ਆਨੰਦ ਅਤੇ ਅਨੰਤ ਸੇਵਾ ਨਾਲ ਵਿਖਾਉਂਦੀ ਹੈ।

ਮਸੀਹੀ ਲੋਕ ਉਸ ਸਦੀਪਕ ਰਾਜ ਦੇ ਹਿੱਸੇ ਹਨ, ਜਿਸ ਤੇ ਸਮੇਂ ਜਾਂ ਦੁਨਿਆਵੀ ਚੀਜ਼ਾਂ ਦਾ ਕੋਈ ਅਸਰ ਨਹੀਂ ਹੁੰਦਾ। ਜਦ ਤਕ ਅਸੀਂ ਖ਼ੁਦਾ ਦੇ ਵਚਨ ਦੇ ਵਫ਼ਾਦਾਰ ਰਹਿ ਕੇ ਉਹਦੀ ਹਿਫ਼ਾਜ਼ਤ ਦੇ ਦਾਇਰੇ ਵਿਚ ਰਹਿੰਦੇ ਹਾਂ ਤਦ ਤਕ ਅਸੀਂ ਉਸ ਰਾਜ ਦੇ ਹਿੱਸੇ ਹਾਂ ਜਿਸਦਾ ਨਾਸ ਨਹੀਂ ਹੋ ਸਕਦਾ ਅਤੇ ਨਾ ਕਦੇ ਖ਼ਤਮ ਹੋਏਗਾ।

## ਸਾਰ

ਮਸੀਹੀ ਆਦਮੀ ਦੇ ਮਨ ਵਿਚ ਖ਼ੁਦਾ ਦੀ ਹਕੂਮਤ ਅਤੇ ਤਖ਼ਤ ਦੇ ਅਕਾਰ ਦੀ ਵਰਤੋਂ ਕਰਦਿਆਂ ਨਵੇਂ ਨੇਮ ਦੀ ਕਲੀਸੀਆ ਖ਼ੁਦਾ ਦਾ ਰਾਜ ਹੈ, ਜਿਸਨੂੰ ਰੂਹਾਨੀ ਕੰਮ, ਧਾਰਮਿਕ ਅਤੇ ਹਮੇਸ਼ਾ ਦੀ ਜ਼ਿੰਦਗੀ ਮਿਲੇ ਹਨ। ਇਸਦੇ ਲੋਕ ਇਸ ਦੁਨੀਆਂ ਵਿਚ ਰਹਿੰਦੇ ਹਨ, ਪਰ ਉਨ੍ਹਾਂ ਦੇ ਮਨ ਅਤੇ ਨਾਗਰਿਕਤਾ ਕਿਸੇ ਹੋਰ ਦੁਨੀਆਂ ਭਾਵ ਖ਼ੁਦਾ ਦੇ ਸਦੀਪਕ ਰਾਜ ਦੀਆਂ ਹਨ (ਕੁਲੁੱਸੀਆਂ 3:1, 2; ਫ਼ਿਲਿੱਪੀਆਂ 3:20)।

ਯਹੂਦੀਆਂ ਦੇ ਇਕ ਧਰਮ ਗੁਰੂ, ਨਿਕੁਦੇਮੁਸ ਨੇ ਇਕ ਰਾਤ ਯਿਸੂ ਤੋਂ ਖ਼ੁਦਾ ਦੇ ਰਾਜ ਵਿਚ ਵੜਨ ਬਾਰੇ ਜਾਣਨਾ ਚਾਹਿਆ ਸੀ। ਯਿਸੂ ਨੇ ਉਹਨੂੰ ਦੱਸਿਆ ਸੀ ਕਿ ਖ਼ੁਦਾ ਦੇ ਰਾਜ ਵਿਚ ਵੜਨ ਲਈ ਬਦਲਾਅ ਐਨਾ ਮੁਸ਼ਕਿਲ ਅਤੇ ਬਦਲਣਸ਼ੀਲ ਹੈ ਕਿ ਇਸ ਨੂੰ ਜਨਮ ਦੀ ਕਲਪਨਾ ਕਰਕੇ ਹੀ ਸਮਝਾਇਆ ਜਾ ਸਕਦਾ ਹੈ। ਉਸਨੇ ਕਿਹਾ, ''ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ'' (ਯੂਹੰਨਾ 3:5)। ਧਰਤੀ ਤੇ ਅਖ਼ਤਿਆਰੀ ਅਧਿਕਾਰੀ ਦੇ ਰੂਪ ਵਿਚ ਸ਼ੁਰੂ ਵਿਚ ਖ਼ੁਦਾ ਦੇ ਰਾਜ ਵਿਚ ਦਾਖ਼ਲ ਹੋਣ ਵਾਲੇ ਦਿਨ, ਪਤਰਸ ਨੇ ਲੋਕਾਂ ਦੀ ਭੀੜ ਨੂੰ ਯਿਸੂ ਵਿਚ ਉਨ੍ਹਾਂ ਦੇ ਈਮਾਨ ਦੀ ਰੌਸ਼ਨੀ, ਤੌਬਾ ਕਰਨਾ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਲਈ ਕਿਹਾ ਸੀ (ਰਸੂਲਾਂ ਦੇ ਕੰਮ 2:38-41)। ਯਿਸੂ ਵੱਲੋਂ ਯੂਹੰਨਾ 3 ਵਿਚ ਨਿਕੁਦੇਮੁਸ ਨੂੰ ਦੱਸਿਆ ਗਿਆ, ਨਵਾਂ ਜਨਮ ਰਸੂਲਾਂ ਦੇ ਕੰਮ 2 ਵਿਚ ਪਤਰਸ ਵੱਲੋਂ ਦਿੱਤਾ ਗਿਆ ਸੀ। ਖ਼ੁਦਾ ਦੇ ਰਾਜ ਭਾਵ ਕਲੀਸੀਆ ਵਿਚ ਜਨਮ ਜਾਂ ਵੜਨ ਲਈ ਯਿਸੂ 'ਤੇ ਈਮਾਨ ਲਿਆਉਣਾ (ਯੂਹੰਨਾ 3:16), ਤੌਬਾ ਕਰਨਾ ਜਾਂ ਪਾਪਾਂ ਤੋਂ ਖ਼ੁਦਾ ਵੱਲ ਮੁੜਨਾ (ਰਸੂਲਾਂ ਦੇ ਕੰਮ 17:30); ਯਿਸੂ ਨੂੰ ਖ਼ੁਦਾ ਦਾ ਪੁੱਤਰ ਮੰਨਣਾ (ਰੋਮੀਆਂ 10:9, 10) ਅਤੇ ਪਾਪਾਂ ਦੀ ਮਾਫ਼ੀ ਲਈ ਮਸੀਹ ਵਿਚ ਬਪਤਿਸਮਾ ਲੈਣਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38; 22:16)।

ਖ਼ੁਦਾ ਦੇ ਰਾਜ ਦੀ ਨਾਗਰਿਕਤਾ ਦੀ ਜ਼ਿੰਦਗੀ ਇਕ ਰੂਹਾਨੀ ਕੇਂਦਰ ਅਤੇ ਖ਼ੁਦਾ ਦਾ ਤਖ਼ਤ ਲਿਆਉਂਦੀ ਹੈ, ਸਮਝ ਅਤੇ ਸੰਪੂਰਣਤਾ ਦੇ ਕੇ ਜ਼ਿੰਦਗੀ ਦੀ ਹਰ ਦਿਸ਼ਾ ਤੋਂ ਹੋ ਕੇ ਲੰਘਦੀ ਹੈ। ਇਹ ਪਵਿੱਤਰ ਨਾਗਰਿਕਤਾ ਸਾਨੂੰ ਧਰਮੀ ਅਤੇ ਭਲੇ ਬਣਾ ਕੇ ਸਾਡੀਆਂ ਜ਼ਿੰਦਗੀਆਂ ਵਿਚ ਸ਼ਾਂਤੀ ਲਿਆਉਂਦੀ ਹੈ। ਇਸ ਨਾਸਵਾਨ ਸੰਸਾਰ ਵਿਚ ਅੱਜ ਦੇ ਲਈ ਅਤੇ ਆਉਣ ਵਾਲੇ ਕੱਲ੍ਹ ਦੇ ਲਈ ਹਮੇਸ਼ਾ ਦੀ ਜ਼ਿੰਦਗੀ ਭਰ ਦਿੰਦਾ ਹੈ।

ਕੀ ਤੁਸੀਂ ਖ਼ੁਦਾ ਦੇ ਸਦੀਪਕ ਰਾਜ ਭਾਵ ''ਕਲੀਸੀਆ'' ਵਿਚ ਹੋ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਉਨ੍ਹਾਂ ਵੱਖ ਵੱਖ ਖੂਬੀਆਂ ਦੀ ਸੂਚੀ ਬਣਾਓ ਜੋ ਕਲੀਸੀਆ ਵਿਚ ਹਨ। ਹਰ ਖੂਬੀ ਦਾ ਇਕ ਸੰਖੇਪ ਵੇਰਵਾ ਦਿਓ।
2. ਬਾਈਬਲ ਦੀਆਂ ਕਿਹੜੀਆਂ ਆਇਤਾਂ ਸੰਕੇਤ ਦਿੰਦੀਆਂ ਹਨ ਕਿ ਕਲੀਸੀਆ ਨੂੰ ਰਾਜ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ?
3. ਨਵੇਂ ਨੇਮ ਵਿਚ ਵਰਤੇ ਗਏ ''ਰਾਜ'' ਸ਼ਬਦ ਦੇ ਵੱਖ-ਵੱਖ ਸੰਦਰਭਾਂ ਦੀ ਸੂਚੀ ਬਣਾਓ।
4. ਕਲੀਸੀਆ ਬਾਰੇ ਉਹ ਕਿਹੜੇ ਨਤੀਜੇ ਹਨ ਜੋ ਰਾਜ ਦੇ ਰੂਹਾਨੀ ਹੋਣ ਦੀ ਮੰਗ ਕਰਦੇ ਹਨ? ਨਤੀਜਿਆਂ ਦੀ ਸੂਚੀ ਬਣਾ ਕੇ ਵਿਆਖਿਆ ਕਰੋ।
5. ਜੇ ਅਸੀਂ ਰੂਹਾਨੀ ਰਾਜ ਵਿਚ ਹਾਂ, ਤਾਂ ਸਾਨੂੰ ਨਵਾਂ ਇੰਤਜ਼ਾਮ ਦਿੱਤਾ ਗਿਆ ਹੈ। ਇਸ ਇੰਤਜ਼ਾਮ ਦੀ ਚਰਚਾ ਕਰੋ।
6. ਨਵੇਂ ਨੇਮ ਵਿਚ ਕਿਨ੍ਹਾਂ ਦੋ ਧਾਰਮਿਕਤਾਵਾਂ ਦਾ ਬਿਆਨ ਹੈ? ਹਰੇਕ ਦਾ ਵੇਰਵਾ ਦਿਓ।
7. ਭਲਾ ਦਾਨੀਏਲ 2:44 ਉਸ ਦੇ ਅਨਾਦੀ ਸੁਭਾਅ ਦਾ ਬਿਆਨ ਕਰਦਾ ਹੈ ਜਿਸਦੀ ਸਥਾਪਨਾ ਖ਼ੁਦਾ ਨੇ ਕਰਨੀ ਸੀ?
8. ਚਰਚਾ ਕਰੋ ਕਿ ਖ਼ੁਦਾ ਦਾ ਰਾਜ ਹੁਣ ਇਕ ਅਨੁਭਵ ਅਤੇ ਭਵਿੱਖ ਲਈ ਆਸ ਕਿਵੇਂ ਹੈ।
9. ਚਰਚਾ ਕਰੋ ਕਿ ਹਮੇਸ਼ਾ ਦੀ ਜ਼ਿੰਦਗੀ ਹੁਣ ਕਿਵੇਂ ਬਿਤਾਈ ਜਾਂਦੀ ਹੈ ਅਤੇ ਅਨੰਤਕਾਲ ਵਿਚ ਕਿਵੇਂ ਲੰਘੇਗਾ।
10. ਅੱਜ ਸਾਡੀਆਂ ਜ਼ਿੰਦਗੀਆਂ 'ਤੇ ਸੁਰਗ ਦੇ ਲੋਕ ਹੋਣ ਤੋਂ ਕੀ ਭਾਵ ਹੈ?
11. ਖ਼ੁਦਾ ਦੇ ਰਾਜ ਵਿਚ ਕਿਵੇਂ ਵੜਿਆ ਜਾ ਸਕਦਾ ਹੈ?
12. ਯੂਹੰਨਾ 3:3, 5 ਨਾਲ ਰਸੂਲਾਂ ਦੇ ਕੰਮ 2:38 ਦੀ ਤੁਲਨਾ ਕਰੋ।